Punjabi Department Roll no. ______

University of Delhi

Ph.D. Course work in Punjabi

Paper No-1

(Research Methodology)

Time : 3 Hrs M.Marks :100

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਖੋਜ ਨੂੰ ਪਰਿਭਾਸ਼ਤ ਕਰਦਿਆਂ ਇਸਦੇ ਪ੍ਰਯੋਜਨ ਉੱਪਰ ਵਿਸਥਾਰ ਸਹਿਤ ਚਰਚਾ ਕਰੋ।

ਜਾਂ

'ਸੰਦ' ਖੋਜ ਦਾ ਜ਼ਰੂਰੀ ਸਮਾਨ ਹਨ ਅਤੇ 'ਜੁਗਤਾਂ' ਉਨ੍ਹਾਂ ਨੂੰ ਵਰਤਣ ਦਾ ਤਰੀਕਾ ਹਨ। ਚਰਚਾ ਕਰੋ।

2. ਸ਼ੈਲੀ ਵਿਗਿਆਨਕ ਅਧਿਐਨ ਵਿਧੀ ਨਾਲ ਜੁੜੇ ਹੋਏ ਬੁਨਿਆਦੀ ਸੰਕਲਪਾਂ ਬਾਰੇ ਵਿਸਥਾਰ ਸਹਿਤ ਨੋਟ ਲਿਖੋ।

ਜਾਂ

ਸੰਰਚਨਾਵਾਦੀ ਅਧਿਐਨ-ਵਿਧੀ ਦੀ ਖੋਜ ਪੱਖੋਂ ਕੀ ਸਾਰਥਕਤਾ ਹੈ। ਦਲੀਲਾਂ ਨਾਲ ਸਪਸ਼ਟ ਕਰੋ।

3. ਡਿਜੀਟਲ ਲਾਇਬ੍ਰੇਰੀ ਤੋਂ ਕੀ ਭਾਵ ਹੈ? ਖੋਜ ਲਈ ਡਿਜੀਟਲ ਸ੍ਰੋਤਾਂ ਦੀ ਮਹੱਤਤਾ ਬਾਰੇ ਵੀ ਚਰਚਾ ਕਰੋ।

ਜਾਂ

ਖੋਜ ਰਿਪੋਰਟ ਤੋਂ ਕੀ ਭਾਵ ਹੈ? ਇਸਨੂੰ ਤਿਆਰ ਕਰਨ ਦੀਆਂ ਵਿਧੀਆਂ ਬਾਰੇ ਚਰਚਾ ਕਰੋ।

4. ਤੱਥਾਂ ਅਤੇ ਸਥਾਪਨਾਵਾਂ ਨੂੰ ਪ੍ਰਮਾਣਕ ਰੂਪ ਵਿਚ ਪੇਸ਼ ਕਰਨ ਲਈ ਪੁਸਤਕ ਸੂਚੀ ਦੀ ਕੀ ਮਹੱਤਤਾ ਹੈ? ਦਲੀਲਾਂ ਸਹਿਤ ਉੱਤਰ ਦਿਓ।

ਜਾਂ

ਪੀ ਐਚ ਡੀ ਦੀ ਡਿਗਰੀ ਨਾਲ ਸਬੰਧਤ ਤਿਆਰ ਕੀਤੇ ਜਾਣ ਵਾਲੇ ਖੋਜ-ਪ੍ਰਬੰਧ ਦੀ ਆਰਜ਼ੀ ਰੂਪ ਰੇਖਾ ਤਿਆਰ ਕਰੋ।

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।
   1. ਕੀ ਸਟੇਜ ਪੇਸ਼ਕਾਰੀ ਖੋਜ ਸ੍ਰੋਤ ਹੋ ਸਕਦੀ ਹੈ?
   2. ਖੋਜ ਵਿਧੀ ਦੇ ਕਿਹੜੇ ਤਿੰਨ ਮੁੱਖ ਚਰਣ ਹਨ?
   3. ਇੰਟਰਨੈਟ ਤੋਂ ਹਵਾਲੇ ਲੈਣ ਲਈ ਕਿਹਨਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।
   4. ਵਿਸ਼ਲੇਸ਼ਣਾਤਮਕ ਖੋਜ ਵਿਧੀ ਉੱਪਰ ਟਿੱਪਣੀ ਕਰੋ?
   5. ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਖੋਜ ਤੋਂ ਕੀ ਭਾਵ ਹੈ?

Scanned with CamScanner

**Department of Punjabi**
**University of Delhi**
**Ph.D Course work in Punjabi**
**Paper- Optional: Punjabi Natak Te Media**

**Time: 3 Hrs** **M.Marks:100**

ਨੋਟ: ਸਾਰੇ ਪ੍ਰਸ਼ਨਾਂ ਉੱਤਰ ਦਿਓ। ਹਰ ਪ੍ਰਸ਼ਨ ਦੇ 20 ਅੰਕ ਹਨ।

1.ਪੰਜਾਬੀ ਨਾਟਕ ਦੀਆਂ ਪ੍ਰਾਪਤੀਆਂ ਅਤੇ ਸੰਭਾਵਨਾਵਾਂ ਬਾਰੇ ਚਰਚਾ ਕਰੋ।

ਜਾਂ

ਪੰਜਾਬੀ ਨਾਟ-ਅਲੋਚਨਾ ਦੀ ਸੀਮਾਂ ਅਤੇ ਸੰਭਾਵਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

2. ਨਾਟਕ ਦੀ ਸਮਾਜ-ਸ਼ਾਸਤਰੀ ਅਧਿਐਨ ਵਿਧੀ ਦੀ ਸਾਰਥਿਕਤਾ ਬਾਰੇ ਚਰਚਾ ਕਰੋ।

ਜਾਂ

ਪ੍ਰਾਚੀਨ ਯੂਨਾਨੀ ਨਾਟ-ਸ਼ੈਲੀ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

3. ਮੀਡੀਆ ਦੇ ਪਾਠਗਤ ਅਧਿਐਨ ਲਈ ਕਿਹੜੀ ਸ਼ੈਲੀ ਢੁੱਕਵੀਂ ਹੈ ਅਤੇ ਕਿਉਂ? ਚਰਚਾ ਕਰੋ।

ਜਾਂ

ਕਲਾ ਦੇ ਤੌਰ 'ਤੇ ਟੀ.ਵੀ. ਅਤੇ ਫ਼ਿਲਮਾਂ ਨਾਟਕ ਦਾ ਹੀ ਪਾਸਾਰ ਹਨ। ਚਰਚਾ ਕਰੋ।

4. ਪੰਜਾਬੀ ਗੀਤ ਵੀਡੀਓ ਵਿਚ ਔਰਤ ਦੀ ਬਿੰਬਕਾਰੀ ਵਿਧੀ ਦਾ ਆਲੋਚਨਾਤਮਕ ਅਧਿਐਨ ਕਰੋ।

ਜਾਂ

ਪੰਜਾਬੀ ਗੀਤਾਂ ਦੇ ਫ਼ਿਲਮਾਂਕਣ ਵਿਚ ਪੇਸ਼ ਹੋ ਰਹੇ ਪੰਜਾਬੀ ਸਭਿਆ
ਚਾਰ ਨਾਲ ਤੁਸੀਂ ਕਿੱਥੋਂ ਤੱਕ ਸਹਿਮਤ ਹੋ? ਉਦਾਹਰਨਾਂ ਸਹਿਤ ਚਰਚਾ ਕਰੋ।

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

ੳ. ਗੁਰਸ਼ਰਨ ਸਿੰਘ ਦੀ ਨਾਟ ਸ਼ੈਲੀ ਇਪਟਾ ਦੀ ਵਿਚਾਰਧਾਰਾਂ ਤੋਂ ਕਿਸ ਤਰ੍ਹਾਂ ਪ੍ਰਭਾਵਿਤ ਹੈ?

ਅ. ਫ਼ਿਲਮ ਨਿਰਮਾਣ ਵਿਚ ਨਿਰਦੇਸ਼ਕ ਦੀ ਕੀ ਭੂਮਿਕਾ ਹੈ?

ੲ. ਸੋਸ਼ਲ ਮੀਡੀਆ ਵਿਚ 'ਵਾਇਰਲ' ਦਾ ਕੀ ਮਤਲਬ ਹੈ?

ਸ. ਮੀਡੀਆ ਟਰਾਇਲ ਤੋਂ ਕੀ ਭਾਵ ਹੈ।

ਹ. ਸ਼ਤਾਬਦੀ ਨਾਟਕ ਤੋਂ ਕੀ ਭਾਵ ਹੈ?

Scanned with CamScanner

PhD

Roll No..........

Department of Punjabi, University of Delhi, Delhi-07
Name of the Examination PhD Course Work (Punjabi)
Paper- Punjabi Prose
December 2017

Time Allowed: 3 Hours

Max. Marks: 100

ਨੋਟ- ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।

ਭਾਗ-ਪਹਿਲਾ

1. ਮੱਧਕਾਲੀ ਪੰਜਾਬੀ ਵਾਰਤਕ ਦੇ ਇਤਿਹਾਸਕ ਵਿਕਾਸਕ੍ਰਮ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

ਆਧੁਨਿਕ ਵਾਰਤਕ ਰੂਪਾਕਾਰਾਂ ਸਵੈ-ਜੀਵਨੀ ਅਤੇ ਰੇਖਾ ਚਿੱਤਰ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।

ਭਾਗ-ਦੂਜਾ

2. ਆਧੁਨਿਕ ਪੰਜਾਬੀ ਵਾਰਤਕ ਦੀ ਮਨੋਵਿਸ਼ਲੇਸ਼ਣਤਾਮਕ ਦ੍ਰਿਸ਼ਟੀ ਤੋਂ ਪੜਚੋਲ ਕਰੋ।

ਜਾਂ

ਪੰਜਾਬੀ ਰੇਖਾ ਚਿੱਤਰ ਦੇ ਇਤਿਹਾਸਕ ਵਿਕਾਸਕ੍ਰਮ ਨੂੰ ਉਲੀਕਦਿਆਂ ਇਸ ਦੀ ਵਰਤਮਾਨ ਸਥਿਤੀ ਬਾਰੇ ਆਪਣੇ ਵਿਚਾਰ ਲਿਖੋ।

ਭਾਗ-ਤੀਜਾ

3. ਪੰਜਾਬੀ ਸਫ਼ਰਨਾਮਾ ਸਾਹਿਤ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

ਪੰਜਾਬੀ ਰੇਖਾ ਚਿੱਤਰ ਸਾਹਿਤ ਵਿਚ ਬਲਵੰਤ ਗਾਰਗੀ ਦੀ ਦੇਣ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਭਾਗ-ਚੌਥਾ

4. ਮੱਧਕਾਲੀ ਪੰਜਾਬੀਂ ਵਾਰਤਕ ਸਾਹਿਤ ਬਾਰੇ ਉਪਲਬਧ ਆਲੋਚਨਾ ਬਾਰੇ ਇਕ ਵਿਸਤਾਪੂਰਵਕ ਨੋਟ ਲਿਖੋ।

ਜਾਂ

ਆਧੁਨਿਕ ਪੰਜਾਬੀ ਵਾਰਤਕ ਨਾਲ ਸੰਬੰਧਤ ਹੁਣ ਤੱਕ ਹੋਏ ਖੋਜ ਕਾਰਜਾਂ ਦਾ ਮੁਲਾਂਕਣ ਪ੍ਰਸਤੁਤ ਕਰੋ।

ਭਾਗ-ਪੰਜਵਾਂ

5. ਹੇਠ ਲਿਖੇ **ਸਾਰੇ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:-

- ਸਫ਼ਰਨਾਮਾ ਸਾਹਿਤ ਤੋਂ ਕੀ ਭਾਵ ਹੈ?
- ਪੰਜਾਬੀ ਭਾਸ਼ਾ ਵਿਚ ਉਪਲਬਧ ਕੋਈ ਚਾਰ ਸਵੈ-ਜੀਵਨੀਆਂ ਦੇ ਨਾਂ ਲਿਖੋ।
- ਪੰਜਾਬੀ ਭਾਸ਼ਾ ਵਿਚ ਰੇਖਾ ਚਿੱਤਰ ਲਿਖਣ ਵਾਲੇ ਚਾਰ ਲੇਖਕਾਂ ਦੇ ਨਾਂ ਲਿਖੋ।
- ਵਾਰਤਕ ਰੂਪਾਕਾਰ 'ਗੋਸਟਿ' ਬਾਰੇ ਸੰਖੇਪ ਟਿੱਪਣੀ ਲਿਖੋ
- ਆਧੁਨਿਕ ਪੰਜਾਬੀ ਵਾਰਤਕ ਦੀ ਖੋਜ ਨਾਲ ਸੰਬੰਧਤ ਚਾਰ ਪੁਸਤਕਾਂ ਦੇ ਨਾਂ ਲਿਖੋ।

Scanned with CamScanner

Roll No-----------------

Department of Punjabi
University of Delhi
Course : Ph.D. Course Work in Punjabi
Subject : Punjabi
Paper : II (Punjabi Language, Literature and Culture: Criticism and Meta Criticism)
Option : I- Bhasha Vigyaan te Punjabi Bhasha
(Nov-2017)

Time Allowed:3 hours

Maximum Marks:100

ਨੋਟ: ਇਸ ਪ੍ਰਸ਼ਨ ਪੱਤਰ ਦੇ ਦੋ ਭਾਗ ਹਨ, ਭਾਗ ਪਹਿਲੇ ਵਿਚੋਂ ਚਾਰ ਪ੍ਰਸ਼ਨ ਕਰਨੇ ਲਾਜ਼ਮੀ ਹਨ। ਜਦਕਿ ਭਾਗ ਦੂਜਾ ਦੇ ਸਾਰੇ ਪ੍ਰਸ਼ਨ ਸੰਖੇਪ ਰੂਪ ਵਿੱਚ ਕਰਨੇ ਲਾਜ਼ਮੀ ਹਨ।

ਭਾਗ-ਪਹਿਲਾ

1. ਭਾਸ਼ਾ ਵਿਗਿਆਨ ਇਕ ਵਿਗਿਆਨ ਹੈ? ਇਸ ਕਥਨ ਦੀ ਪ੍ਰੋੜਤਾ ਲਈ ਆਪਣੇ ਵਿਚਾਰ ਪੇਸ਼ ਕਰੋ।

ਜਾਂ 20

ਭਾਸ਼ਾ ਵਿਗਿਆਨ ਦੀ ਪੱਛਮੀ ਪਰੰਪਰਾ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2. ਸੋਸਿਊਰ ਦੁਆਰਾ ਪੇਸ਼ ਭਾਸ਼ਾਵਿਗਿਆਨਕ ਸੰਕਲਪਾਂ ਉਪਰ ਵਿਸਤ੍ਰਿਤ ਚਰਚਾ ਕਰੋ।

ਜਾਂ 20

ਰੂਪਾਂਤਰੀ ਭਾਸ਼ਾ ਵਿਗਿਆਨ ਦੇ ਮਾਡਲ ਬਾਰੇ ਆਪਣੇ ਵਿਚਾਰ ਪੇਸ਼ ਕਰੋ।

3. ਪੰਜਾਬੀ ਭਾਸ਼ਾ ਦੇ ਵਿਕਾਸ ਪੜਾਅ ਦੀ ਰੂਪ ਰੇਖਾ ਉਲੀਕੋ।

ਜਾਂ 20

ਪੰਜਾਬੀ ਭਾਸ਼ਾ ਦੀ ਸ਼ਬਦ ਸੰਰਚਨਾ ਬਾਰੇ ਵਿਸਤਾਰ ਵਿਚ ਜਾਣਕਾਰੀ ਦਿਓ।

4. ਨਾਨਕ ਬਾਣੀ ਦੀ ਭਾਸ਼ਾ ਉਪਰ ਵਿਸਤ੍ਰਿਤ ਰੂਪ ਵਿਚ ਚਰਚਾ ਕਰੋ।

ਜਾਂ 20

ਪੰਜਾਬੀ ਸਾਹਿਤ ਦੇ ਕਿਸੇ ਵੀ ਸਾਹਿਤਕਾਰ ਦੀ ਭਾਸ਼ਾ-ਸ਼ੈਲੀ ਬਾਰੇ ਵਿਸਤਾਰਮਈ ਨੋਟ ਲਿਖੋ।

ਭਾਗ ਦੂਜਾ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਰੂਪ ਵਿੱਚ ਉਤਰ ਦਿਓ।

ੳ. ਪਾਣਿਨੀ ਦੇ ਭਾਸ਼ਾਈ ਮਾਡਲ ਬਾਰੇ ਟਿੱਪਣੀ ਕਰੋ।

ਅ. ਸਮਾਜ ਭਾਸ਼ਾਵਿਗਿਆਨ ਬਾਰੇ ਸੰਖੇਪ ਟਿੱਪਣੀ ਕਰੋ।

ੲ. ਪੰਜਾਬੀ ਭਾਸ਼ਾ ਦੇ ਵਾਕੰਸ਼ ਪ੍ਰਬੰਧ ਬਾਰੇ ਜਾਣਕਾਰੀ ਦਿਓ।

ਸ. ਵਿਆਕਰਨਕ ਸ਼੍ਰੇਣੀਆਂ ਤੋਂ ਕੀ ਭਾਵ ਹੈ?

ਹ. ਕਿਸੇ ਸਾਹਿਤਕ ਰਚਨਾ ਦਾ ਭਾਸ਼ਾਵਿਗਿਆਨਕ ਦ੍ਰਿਸ਼ਟੀ ਤੋਂ ਕਿਵੇਂ ਅਧਿਐਨ ਕੀਤਾ ਜਾ ਸਕਦਾ ਹੈ? ਟਿੱਪਣੀ ਕਰੋ।

4X5=20

Scanned with CamScanner

Department of Punjabi
University of Delhi
Course : Ph. D. Course Work in Punjabi
Paper II : Punjabi Language, Literature & Culture : Criticism & Meta Criticism
Option II : Lokdhara Shastar te Punjabi Lokdhara

ਸਮਾਂ : 3 ਘੰਟੇ

ਕੁੱਲ ਅੰਕ:100

ਨੋਟ : ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।

1. ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਸਾਲ 1900 ਤੋਂ 1947 ਤੱਕ ਹੋਏ ਖੋਜ ਕਾਰਜ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

1990 ਤੋਂ ਬਾਅਦ ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਵਾਪਰੀ ਤਬਦੀਲੀ ਨੂੰ ਚਰਚਾ ਦਾ ਵਿਸ਼ਾ ਬਣਾਓ ।

2. ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਰੂਪਵਾਦੀ-ਸੰਰਚਨਾਵਾਦੀ ਵਿਧੀ ਨਾਲ ਹੋਏ ਖੋਜ-ਕਾਰਜ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

ਜਾਂ

ਲੋਕਧਾਰਾ ਦੇ ਅਧਿਐਨ ਲਈ ਪਾਠ-ਵਿਸ਼ਲੇਸ਼ਣੀ ਵਿਧੀ ਦੀ ਸਾਰਥਕਤਾ ਸਿੱਧ ਕਰੋ।

3. ਸ਼ਾਬਦਿਕ ਅਤੇ ਗੈਰ-ਸ਼ਾਬਦਿਕ ਲੋਕ ਕਲਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਪੰਜਾਬੀ ਲੋਕਧਾਰਾ ਵਿਚ ਜਾਦੂ ਚਿੰਤਨ ਅਤੇ ਲੋਕ ਚਕਿਤਸਾ ਦੇ ਵਿਭਿੰਨ ਰੂਪਾਂ ਨਾਲ ਜਾਣ-ਪਛਾਣ ਕਰਵਾਓ।

4. ਆਧੁਨਿਕ ਪੰਜਾਬੀ ਸਾਹਿਤ ਵਿਚ ਮਿਲਦੇ ਲੋਕਧਾਰਾਈ ਰੂਪਾਂਤਰਣ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਪੰਜਾਬੀ ਮੀਡੀਆ ਵਿਚ ਲੋਕਧਾਰਾ ਦਾ ਰੂਪਾਂਤਰਣ ਕਿੰਨ੍ਹਾਂ-ਕਿੰਨ੍ਹਾਂ ਰੂਪਾਂ ਵਿਚ ਹੋ ਰਿਹਾ ਹੈ ? ਵਿਸਤ੍ਰਿਤ ਨੋਟ ਲਿਖੋ।

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :
   (i) ਪੰਜਾਬੀ ਲੋਕ ਕਹਾਣੀਆਂ ਦੀਆਂ ਸੰਪਾਦਿਤ ਕੋਈ ਚਾਰ ਪੁਸਤਕਾਂ ਦੇ ਨਾਂ ਲਿਖੋ।
   (ii) 1980 ਤੋਂ ਬਾਅਦ ਸਰਗਰਮ ਹੋਏ ਕੋਈ ਚਾਰ ਲੋਕਧਾਰਾ ਸ਼ਾਸਤਰੀਆਂ ਦੇ ਨਾਂ ਲਿਖੋ।
   (iii) ਟੋਟਮ ਅਤੇ ਟੈਬੂ ਵਿਚਲੇ ਅੰਤਰ ਨੂੰ ਸਪੱਸ਼ਟ ਕਰੋ।
   (iv) ਜਾਦੂ ਚਿੰਤਨ ਤੋਂ ਕੀ ਭਾਵ ਹੈ ?
   (v) ਕੋਈ ਚਾਰ ਗੈਰ-ਸ਼ਾਬਦਿਕ ਲੋਕ ਕਲਾਵਾਂ ਬਾਰੇ ਦੱਸੋ।

Scanned with CamScanner